# ਗਰਭ ਅਵਸਥਾ: ਆਂਗਨਵਾੜੀ ਕੇਂਦਰ ’ਤੇ ਆਰੰਭਿਕ ਪੰਜੀਕਰਣ

## ਪੰਜੀਕਰਣ

- ਇੱਕ ਔਰਤ ਲਈ ਗਰਭ ਅਵਸਥਾ ਦੇ ਪਹਿਲੇ ਤਿੰਨ ਮਹੀਨਿਆਂ ਅੰਦਰ ਸਹਾਇਕ ਨਰਸ ਅਤੇ ਆਂਗਨਵਾੜੀ ਕਰਮਚਾਰੀ ਨਾਲ ਪੰਜੀਕਰਣ ਕਰਵਾਉਣਾ ਜਰੂਰੀ ਹੈ।
- ਫਿਰ ਵੀ, ਜੇ ਕੋਈ ਔਰਤ ਪੰਜੀਕਰਣ ਕਰਵਾਉਣ ਵਿੱਚ ਲੇਟ ਹੋ ਜਾਂਦੀ ਹੈ, ਤਾਂ ਉਸ ਨੂੰ ਪੰਜੀਕਰਣ ਕਰਵਾਉਣ ਵਿੱਚ ਹੋਰ ਦੇਰੀ ਨਹੀਂ ਕਰਨੀ ਚਾਹੀਦੀ ਅਤੇ ਉਸ ਲਈ ਪੰਜੀਕਰਣ ਕਰਵਾਉਣਾ ਜਰੂਰੀ ਹੈ ਅਤੇ ਉਸਦੇ ਗਰਭਕਾਲ (ਗਰਭ ਅਵਸਥਾ ਦੇ ਸਮੇਂ) ਅਨੁਸਾਰ ਉਸਨੂੰ ਦੇਖਭਾਲ ਮੁਹਈਆ ਕਰਵਾਈ ਜਾਵੇਗੀ।
- ਸਹਾਇਕ ਨਰਸ/ਆਂਗਨਵਾੜੀ ਕਰਮਚਾਰੀ ਨੂੰ ਮਾਂ ਅਤੇ ਬਾਲ ਸੁਰੱਖਿਆ ਕਾਰਡ ਵਿਚਲੀਆਂ ਸਾਰੀਆਂ ਮੁੱਖ ਗੱਲਾਂ ਦੀ ਮਹੱਤਤਾ ਅਤੇ ਉਪਯੁਕਤਾ ਦਾ ਵਰਣਨ ਕਰਨਾ ਚਾਹੀਦਾ ਹੈ ਅਤੇ ਉਹਨਾਂ ਨੂੰ ਔਰਤ ਅਤੇ/ਜਾਂ ਪਰਿਵਾਰਿਕ ਮੈਂਬਰ ਨੂੰ ਪ੍ਰਸ਼ਨ ਅਤੇ ਉਹ ਗੱਲਾਂ ਪੁੱਛਣ ਲਈ ਉਤਸਾਹਿਤ ਕਰਨਾ ਚਾਹੀਦਾ ਹੈ ਜੋ ਉਹਨਾਂ ਨੂੰ ਸਪੱਸ਼ਟ ਨਾ ਹੋਣ।



### ਆਂਗਨਵਾੜੀ ਕੇਂਦਰ ਵਿਖੇ ਆਰੰਭਿਕ ਪੰਜੀਕਰਣ ਕਰਵਾਉਣ ਦੇ ਲਾਭ

...

- ਨਿਯਮਿਤ ਸਿਹਤ ਜਾਂਚ।
- ਹਰ ਫੇਰੀ ਦੌਰਾਨ ਖੂਨ ਅਤੇ ਪਿਸ਼ਾਬ ਦੀ ਜਾਂਚ।
- ਇੰਦਰਾ ਗਾਂਧੀ ਮਾਤਰਤੱਵ ਸਹਿਯੋਗ ਯੋਜਨਾ ਅਤੇ ਜਨਣੀ ਸੁਰਕਸਾ ਯੋਜਨਾ ਵਰਗੀਆਂ ਸਕੀਮਾਂ ਤਹਿਤ ਲਾਭਾਂ ਦੇ ਹੱਕਦਾਰ ਬਣਨਾ
- ਆਂਗਣਵਾੜੀ ਕੇਂਦਰ ਵਿਖੇ ਸੰਬੰਧਿਤ ਸੁਵਿਧਾਵਾਂ ਦੀ ਉਪਲਬਧਤਾ
- ਲੋੜ ਪੈਣ ਤੇ ਅਤੇ ਆਪਾਤਕਾਲੀਨ ਸਥਿਤੀ ਵਿੱਚ ਸਮੇਂ ਸਿਰ ਗਰਭਪਾਤ ਸੇਵਾਵਾਂ ਦਾ ਲਾਭ ਉਠਾਓ।

## ਕਰਨ ਵਾਲੇ ਕੰਮ



- ਘਰ ਵਿਖੇ ਦੌਰੇ/ਫੇਰੀਆਂ ਕਰਨਾ, ਖਾਸ ਤੌਰ ਤੇ ਨਵੇਂ ਵਿਆਹ ਜੋੜਿਆਂ, ਗਰਭਵਤੀ ਮਾਵਾਂ ਨਾਲ ਮਿਲਣਾ ਅਤੇ ਉਹਨਾਂ ਨੂੰ ਆਂਗਨਵਾੜੀ ਸੈਂਟਰ ਤੇ ਆਰੰਭਿਕ ਪੰਜੀਕਰਣ ਕਰਵਾਉਣ ਦੇ ਲਾਭ ਦੱਸਣਾ।

- ਆਪਣੇ ਖੇਤਰ ਦੀਆਂ ਸਾਰੀਆਂ ਗਰਭਵਤੀ ਔਰਤਾਂ ਦੀ ਪਛਾਣ ਕਰਨੀ।

- ਸੈਲਫ਼ ਹੈਲਪ ਗਰੁੱਪਾਂ, ਮਾਤਾਵਾਂ ਲਈ ਕਮੇਟੀ, ਸਮੇਕਿਤ ਬਾਲ ਵਿਕਾਸ ਸੇਵਾਵਾਂ ਸਕੀਮ ਦੇ ਲਾਭਪਾਤਰੀਆਂ ਅਤੇ ਪੇਂਡੂ ਸਿਹਤ ਪੋਸ਼ਣ ਦਿਵਸ ਰਾਹੀਂ ਲਾਭਪਾਤਰੀਆਂ (ਆਂਗਨਵਾੜੀ ਹੈਲਪਰ/ਆਸ਼ਾ ਨਾਲ) ਨੂੰ ਪ੍ਰੋਤਸਾਹਿਤ ਕਰਨਾ।

- ਆਂਗਨਵਾੜੀ ਕੇਂਦਰ ਵਿਖੇ ਆਰੰਭਿਕ ਪੰਜੀਕਰਣ ਲਈ ਗਰਭਵਤੀ ਔਰਤਾਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਸਲਾਹ ਦੇਣਾ।

- ਪੰਜੀਕ੍ਰਿਤ ਗਰਭਵਤੀ ਮਾਵਾਂ ਅਤੇ ਉਹਨਾਂ ਨੂੰ ਮਿਲਣ ਵਾਲੇ ਲਾਭਾਂ ਦਾ ਰਿਕਾਰਡ ਕਾਇਮ ਰੱਖਣਾ।

### ਏ.ਐਨ.ਐਮ/ਆਂਗਨਵਾੜੀ ਵਰਕਰ ਸੁਨਿਸ਼ਚਿਤ ਕਰਦੀ ਹੈ

- ਸਾਰੀਆਂ ਗਰਭਵਤੀ ਔਰਤਾਂ ਆਂਗਣਵਾੜੀ ਕੇਂਦਰ ਤੇ ਪੰਜੀਕਰਣ ਕਰਵਾਉਣ ਅਤੇ ਮਿਲਣ ਵਾਲੀਆਂ ਸੇਵਾਵਾਂ ਅਤੇ 3 ਪ੍ਰਸਵ-ਪੂਰਵ ਜਾਂਚਾਂ ਦਾ ਲਾਭ ਉਠਾਉਣ।
- ਮਾਂ ਅਤੇ ਬਾਲ ਸੁਰਖਿਆ ਕਾਰਡ ਵਿੱਚ ਗਰਭਵਤੀ ਅਵਸਥਾ ਦੇ ਮਹੀਨੇ ਹੇਠ ਸੰਬੰਧਿਤ ਕਾਲਮ ਵਿੱਚ ਪੰਜੀਕਰਣ ਦੀ ਤਾਰੀਖ਼ ਰਿਕਾਰਡ ਕੀਤੀ ਗਈ ਹੈ।
- ਉਸਨੇ ਗਰਭਵਤੀ ਔਰਤ ਦਾ ਆਪਣੇ ਸੰਬੰਧਿਤ ਆਂਗਣਵਾੜੀ ਕੇਂਦਰ, ਸਬ-ਸੈਂਟਰ ਜਾਂ ਪ੍ਰਥਮਿਕ ਸਿਹਤ ਕੇਂਦਰ ਰਜਿਸਟਰ ਵਿੱਚ ਪੰਜੀਕਰਣ ਕੀਤਾ ਹੋਵੇ।
- ਗਰਭਵਤੀ ਔਰਤ ਨਿਰਧਾਰਿਤ ਸਮੇਂ ਵਿੱਚ ਪ੍ਰਸਵ-ਪੂਰਵ ਮੁਲਾਕਾਤਾਂ ਲਈ ਆਵੇ।
- ਹਰੇਕ ਮੁਲਾਕਾਤ ਲਈ ਮਾਂ ਅਤੇ ਬਾਲ ਸੁਰਖਿਆ ਕਾਰਡ ਦਿਖਾਉਣ ਲਈ ਨਾਲ ਹੋਣਾ ਚਾਹੀਦਾ ਹੈ।